بسم الله الرحمن الرحيم

# ਖ਼ੁਲਾਸਾ ਖ਼ੁਤਬਾ ਜੁਮੱਾ 23.05.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼, ਤਸਮੀਯਹ ਅਤੇ ਸੂਰਤ ਫ਼ਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਸੂਰਤ ਆਲਿ ਇਮਰਾਨ ਦੀ ਆਇਤ 146 ਤੋਂ 149 ਅਤੇ 170 ਤੋਂ172 ਤੱਕ ਦੀ ਤਲਾਵਤ ਫ਼ਰਮਾਈ ਜਿੰਨ੍ਹਾ ਵਿੱਚ ਰੱਬ ਦੇ ਮਾਰਗ ਵਿੱਚ ਜਾਨੀ ਕੁਰਬਾਨੀ ਦੀ ਮਹਤੱਾ ਅਤੇ ਅਜ਼ਮਤ ਵਰਨਣ ਹੋਈ ਹੈ । ਹਜ਼ੂਰ ਨੇ ਫ਼ਰਮਾਇਆ ਕਿ ਅਲੱਾਹ ਤਆਲਾ ਦਾ ਇਹ ਬਹੁਤ ਵੱਡਾ ਉਪਕਾਰ ਤੇ ਮਿਹਰ ਹੈ ਕਿ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਜਿਹੇ ਲੋਕ ਬਖ਼ਸ਼ੇ ਹਨ ਜੋ ਆਪਣੇ ਪ੍ਰਣ ਦੀ ਆਤਮਾ ਨੂੰ ਜਾਣਦੇ ਹਨ ਅਤੇ ਕੁਰਬਾਨੀ ਦੀ ਆਤਮਾ ਨੂੰ ਜਾਣਦੇ ਹਨ ਅਤੇ ਨ ਕੇਵਲ ਜਾਣਦੇ ਹਨ ਸਗੋਂ ਉਸ ਦੇ ਅਜਿਹੇ ਨਮੂਨੇ ਕਾਇਮ ਕਰਨ ਵਾਲੇ ਹਨ ਜਿਨ੍ਹਾਂ ਦੀ ਇਸ ਯੁੱਗ ਵਿੱਚ ਕਿਤੇ ਵੀ ਉਧਾਰਣ ਨਹੀਂ ਮਿਲਦੀ । ਧੰਨ ਮਾਲ ਦੀ ਕੁਰਬਾਨੀ ਦਾ ਪ੍ਰਸ਼ਨ ਉੱਠੇ ਕਿ ਕਿੱਥੇ ਹਨ ਅਜਿਹੇ ਲੋਕ ਜੋ ਆਪਣੇ ਧੰਨ ਮਾਲ ਨੂੰ ਧਰਮ ਖ਼ਾਤਰ ਕੁਰਬਾਨ ਕਰਨ ਵਾਲੇ ਹਨ ਤਾਂ ਜਮਾਤ ਅਹਮਦੀਆ ਦੇ ਲੋਕਾਂ ਦਾ ਇਕ ਧੜਾ ਆਣ ਖੜਾ ਹੁੰਦਾ ਹੈ । ਸਮੇਂ ਦੀ ਕੁਰਬਾਨੀ ਦੀ ਮੰਗ ਹੋਵੇ ਤਾਂ ਅੱਜ ਜਮਾਤ ਅਹਮਦੀਆ ਵਿੱਚ ਧਰਮ ਖ਼ਾਤਰ ਸਮੇਂ ਦੀ ਕੁਰਬਾਨੀ ਕਰਨ ਵਾਲੇ ਮਹਾਨਤਮ ਨਮੂਨੇ ਮੌਜੂਦ ਹਨ । ਇਜ਼ੱਤ ਸਨਮਾਨ ਦੇ ਨਮੂਨੇ ਦੇਖਣੇ ਹੋਣ ਤਾਂ ਅੱਜ ਜਮਾਤ ਅਹਮਦੀਆ ਵਿਚੱ ਇਸ ਦੇ ਨਮੂਨੇ ਦਿਖਾਈ ਦੇਣਗੇ । ਜੀਵਨ ਇਸਲਾਮ ਦੇ ਪ੍ਰਚਾਰ ਲਈ ਵਕਫ਼ (ਤਿਆਗ) ਕਰਨ ਦੀ ਮੰਗ ਕੀਤੀ ਜਾਵੇ ਤਾਂ ਸਦਾਚਾਰੀਆਂ ਦਾ ਇਕ ਧੜਾ ਇਸ ਕੰਮ ਲਈ ਆਪਣੇ ਆਪ ਨੂੰ ਪੇਸ਼ ਕਰਨ ਵਾਲਾ ਹੈ । ਜਾਨ ਦੀ ਕੁਰਬਾਨੀ ਦਾ ਹਕੀਕੀ ਨਮੂਨਾ ਦੇਖਣਾ ਹੈ ਤਾਂ ਜਮਾਤ ਅਹਮਦੀਆ ਦਾ ਇਤਿਹਾਸ ਇਸ ਕਹੀਕੀ ਕੁਰਬਾਨੀ ਦੇ ਨਮੂਨਿਆਂ ਨਾਲ ਭਰਿਆ ਪਿਆ ਹੈ ਜੋ ਹਕੀਕਤ ਉਪੱਰ ਮੁਹਰ ਲਾਉਂਦੀ ਹੈ ।

ਭਾਵ ਇਹ ਕਿ ਕੋਈ ਵੀ ਅਜਿਹੀ ਕੁਰਬਾਨੀ ਜੋ ਖ਼ੁਦਾ ਤਆਲਾ ਦੇ ਆਦੇਸ਼ਾਂ ਅਨੁਸਾਰ ਦੱਸੇ ਹੋਏ ਅਤੇ ਰੱਬ ਦੀ ਰਜ਼ਾ ਖ਼ਾਤਰ ਹੋਣ ਉਸ ਦੇ ਨਮੂਨੇ ਕਾਇਮ ਕਰਨ ਲਈ ਅੱਜ ਖੁਦਾ ਨੇ ਅਹਮਦੀਆ ਮੁਸਲਿਮ ਜਮਾਤ ਨੂੰ ਪੈਦਾ ਕੀਤਾ ਹੈ । ਅੱਜ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਅਲੱਹ ਤਆਲਾ ਨੇ ਅਜਿਹੀ ਜਮਾਤ ਬਖ਼ਸ਼ੀ ਹੈ ਜਿਸ ਦੇ ਅਧਿਕਤਰ ਲੋਕ ਧੰਨ੍ਹ ਮਾਲ, ਜਾਨ, ਸਮਾਂ ਤੇ ਸਨਮਾਨ ਕੁਰਬਾਨ ਕਰਨ ਦੀ ਰੂਹ ਨੂੰ ਸਮਝਣ ਵਾਲੇ ਹਨ ਹਰ ਸਮੇਂ ਤਿਆਰ ਹੈ । ਪਰ ਕੁਝ ਅਜਿਹੇ ਵੀ ਹਨ ਜੋ ਗਿਆਨ ਦੀ ਘਾਟ ਕਰਕੇ ਅਜਿਹਾ ਪ੍ਰਗਟਾਵਾ ਕਰ ਬਹਿੰਦੇ ਹਨ, ਜੋ ਮੋਮਨ ਦੀ ਉੱਚੀ ਸ਼ਾਨ ਨਹੀਂ । ਜਿਸ ਦੇ ਸਬਬ ਕੁਝ ਘੱਟ ਸਿੱਖਿਅਕ ਜਾਂ ਕੱਚੀ ਬੁੱਧੀ ਵਾਲੇ ਲੋੜ ਤੋਂ ਵੱਧ ਪ੍ਰਭਾਵ ਲੈ ਲੈਂਦੇ ਹਨ । ਕਈ ਲੋਕ ਮੈਂਨੂੰ ਲਿੱਖ ਵੀ ਦਿੰਦੇ ਹਨ ਕਿ ਇਹ ਔਕੜਾਂ, ਮੁਸੀਬਤਾਂ ਤੇ ਪ੍ਰੀਖਿਆ ਦਾ ਸਮਾਂ ਲੰਮਾ ਹੁੰਦਾ ਜਾ ਰਿਹਾ ਹੈ । ਜੇਕਰ ਕੇਵਲ ਇੱਥੋਂ ਤੱਕ ਹੀ ਹੋਵੇ ਕਿ ਔਕੁੜਾਂ ਤੇ ਮੁਸੀਬਤਾਂ ਦਾ ਸਮਾਂ ਲੰਮਾ ਹੋ ਰਿਹਾ ਹੈ । ਅਲੱਾਹ ਤਆਲਾ ਛੇਤੀ ਸੌਖ ਤੇ ਆਸਾਨੀਆਂ ਦੇ ਸਾਧਨ ਪੈਦਾ ਕਰੇ ਤਾਂ ਇਸ ਵਿੱਚ ਕੋਈ ਹਰਜ ਨਹੀਂ ਹੈ ਕਿਉਂਕਿ ਜੱਦ ਇਹਨਾਂ ਔਕੁੜਾਂ ਤੇ ਪ੍ਰੀਖਿਆ ਦਾ ਅਤਿ ਹੁੰਦਾ ਹੈ ਤਾਂ ਰਸੂਲਾਂ ਤੇ ਮੋਮਿਨਾਂ ਦੀ ਜਮਾਤ ਅਲੱਾਹ ਦੀ ਸਹਾਇਤਾ ਕਦੋਂ ਆਵੇਗੀ ਦੀ ਆਵਾਜ਼ ਬੁਲੰਦ ਕਰਦੇ ਹਨ ਅਤੇ ਇਹ ਦੁਆ ਵੀ ਕਰਦੇ ਹਨ ਪਰ ਅਜਿਹਾ ਕਰਦੇ ਸਮੇਂ ਸੰਸਾਰਕ ਸਬਬਾਂ ਤੇ ਵਾਸਤਿਆਂ ਵੱਲ ਧਿਆਨ ਹੋਵੇ, ਇਹ ਇਕ ਮੋਮਨ ਦੀ ਸ਼ਾਨ ਨਹੀਂ । ਉਧਾਰਣ ਲਈ ਇਕ ਲਿੱਖਣ ਵਾਲੇ ਨੇ ਲਿੱਖਿਆ ਕਿ ਪਾਕਿਸਤਾਨ ਵਿੱਚ ਜੋ ਕੁਝ ਜ਼ੁਲਮ ਜਮਾਤ ਉਪੱਰ ਹੋ ਰਹੇ ਹਨ, ਸਾਨੂੰ ਦੁਨੀਆਂ ਨੂੰ ਦੱਸਣਾ ਚਾਹੀਦਾ ਹੈ ਅਤੇ ਐਮ. ਟੀ. ਏ. ਨੂੰ ਵੀ ਇਕ ਵੱਡਾ ਸਮਾਂ ਇਸ ਚਰਚਾ ਉਪੱਰ ਲਗਾਉਂਣਾ ਚਾਹੀਦਾ ਹੈ ਕਿ ਉਹ ਜ਼ੁਲਮਾਂ ਦਾ ਪ੍ਰਗਟਵਾ ਕਰਦਾ ਰਹੇ । ਦੁਨੀਆ ਨੂੰ ਦੱਸੇ ਅਤੇ ਦੂਜੇ ਸਾਧਨ ਵੀ ਵਰਤੇ ਜਾਣ । ਜ਼ੁਲਮ ਦੇ ਖ਼ਿਲਾਫ਼ ਆਵਾਜ਼ ਚੁੱਕੀ ਜਾਵੇ ।

ਇਸ ਬਾਰੇ ਪਹਿਲੀ ਗੱਲ ਇਹ ਚੇਤੇ ਰੱਖਣ ਵਾਲੀ ਹੈ ਕਿ ਜੱਦ ਸਾਡਾ ਇਹ ਦਾਵਾ ਹੈ ਕਿ ਸਡੀ ਇਲਾਹੀ ਜਮਾਤ ਹੈ ਤੇ ਫਿਰ ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਇਲਾਹੀ ਜਮਾਤਾਂ ਦੁਨੀਆਵੀ ਹੁਕੂਮਤਾਂ ਜਾਂ ਦੁਨੀਆ ਵਰਗੇ ਇਹਤਿਜਾਜ ਤੇ ਪ੍ਰਾਪੇਗੰਡੇ

ਉਪੱਰ ਵਿਸ਼ਵਾਸ ਨਹੀਂ ਰੱਖਦੀ । ਇਲਾਹੀ ਜਮਾਤਾਂ ਦੀ ਪ੍ਰਗਤੀ ਵਿੱਚ ਦੁਨਿਆਵੀ ਮਦਦ ਦਾ ਕੋਈ ਹੱਥ ਜਾਂ ਕਿਰਦਾਰ ਹੈ । ਦੁਨੀਆਵੀ ਮਦਦਾਂ ਬਿਨਾ ਸ਼ਰਤ ਦੇ ਨਹੀਂ ਹੁੰਦੀਆਂ । ਬਿਨਾਂ ਕਿਸੇ ਉਦੇਸ਼ ਦੇ ਨਹੀਂ ਹੁੰਦੀਆਂ । ਆਪਣੇ ਅੱਗੇ ਕਿਸੇ ਨ ਕਿਸੇ ਰੂਪ ਵਿੱਚ ਝੁਕਾਏ ਬਿਨਾ ਨਹੀਂ ਹੁੰਦੀਆਂ ਅਤੇ ਇਹ ਗੱਲਾਂ ਹਕੀਕੀ ਮੋਮਨ ਕਦੇ ਵੀ ਸਹਿਨ ਨਹੀਂ ਕਰ ਸਕਦਾ । ਅਲੱਾਹ ਦੀ ਸਹਾਇਤਾ ਦੀ ਆਵਾਜ਼ ਮੋਮਨਾਂ ਵੱਲੋਂ ਜੇਕਰ ਬੁਲੰਦ ਹੁੰਦੀ ਹੈ ਤਾਂ ਇਹ ਰੱਬ ਅੱਗੇ ਝੁੱਕਦਿਆਂ ਹੋਇਆਂ ਦੁਆ ਦੀ ਆਵਾਜ਼ ਹੈ ਅਤੇ ਹਰ ਵਾਰ ਜੱਦ ਅਸੀਂ ਔਕੁੜਾਂ ਤੇ ਪ੍ਰੀਖਿਆ ਦੇ ਸਮੇਂ ਵਿੱਚੋਂ ਲੰਘਦੇ ਹਾਂ ਤਾਂ ਅਲੱਾਹ ਅੱਗੇ ਝੁਕਦਿਆਂ ਹੋਇਆਂ ਉਸਦੀਆਂ ਮਿਹਰਾਂ ਤੇ ਓਸਦੀ ਮਦਦ ਮੰਗਦੇ ਹਨ । ਉਸਦੀ ਮਦਦ ਦੇ ਜਾਚਕ ਹੁੰਦੇ ਹਨ ਤਾਂ ਤਰੱਕੀ ਦੇ ਨਵੇਂ ਨਵੇਂ ਮਾਰਗ ਸਾਡੇ ਸਾਹਮਣੇ ਖੁਲਦੇ ਜਾਂਦੇ ਹਨ ।

ਅੱਜ ਲੱਗਭਗ ਸਾਰੀ ਦੁਨੀਆ ਵਿੱਚ ਅਹਮਦੀਆ ਮੁਸਲਿਮ ਜਮਾਤ ਦੇ ਲੋਕ ਫੈਲੇ ਹੋਏ ਹਨ ਅਤੇ ਦੁਨੀਆ ਦੇ 204 ਦੇਸ਼ਾਂ ਵਿਚ ਵਸੱਣ ਵਾਲੇ ਅਹਮਦੀ ਇਸ ਗੱਲ ਦੇ ਗਵਾਹ ਹਨ ਕਿ ਇਹ ਪ੍ਰੀਖਿਆ ਜਮਾਤ ਦੀ ਤਰੱਕੀ ਦੇ ਨਵੇਂ ਨਵੇਂ ਮਾਰਗ ਖੋਲ ਰਹੀ ਹੈ ਅਤੇ ਨਵੀਆਂ ਨਵੀਆਂ ਮੰਜ਼ਲਾ ਪਾਰ ਹੋ ਰਹੀਆਂ ਹਨ । ਇਸ ਲਈ ਕੇਵਲ ਇਸ ਗੱਲ'ਤੇ ਚਿੰਤਿਤ ਨਹੀਂ ਹੋ ਜਾਣਾ ਚਾਹੀਦਾ ਕਿ ਇਕ ਦੇਸ਼ ਵਿੱਚ ਔਕੁੜਾਂ ਜਾਂ ਪ੍ਰੀਖਿਆ ਦਾ ਸਮੇਂ ਲੰਮਾ ਹੋ ਗਿਆ ਹੈ ਸਗੋਂ ਇਹ ਦੇਖਣਾ ਹੈ ਕਿ ਰੱਬ ਦੀਆਂ ਮਿਹਰਾਂ ਤੇ ਵਿਸਥਾਰ ਕਿੱਥੋਂ ਤੱਕ ਫੈਲਿਆ ਹੋਇਆ ਹੈ । ਜਿੱਥੋਂ ਤੱਕ ਇਹ ਪ੍ਰਸ਼ਨ ਹੈ ਕਿ ਦੁਨੀਆਵੀ ਸਬਬਾਂ ਦੀ ਵੀ ਵਰਤੋਂ ਹੋਣੀ ਚਾਹੀਦੀ ਹੈ ਤਾਂ ਇਹ ਬਿਲਕੁਲ ਠੀਕ ਹੈ, ਇਹ ਹੋਣਾ ਚਾਹੀਦਾ ਹੈ । ਸਬਬਾਂ ਦੀ ਵਰਤੋਂ ਮਨਾ ਨਹੀਂ ਸਗੋਂ ਇਸ ਦਾ ਵੀ ਹੁਕੁਮ ਹੈ । ਪ੍ਰਤਖ ਤਰੀਕਿਆਂ ਨੂੰ ਅਪਨਾਉਂਣਾ ਬਿਲਕੁਲ ਮਨਾਂ ਨਹੀਂ ਅਤੇ ਅਲੱਾਹ ਦੀ ਮਿਹਰ ਨਾਲ ਜਿੰਨ੍ਹਾ ਹੱਦਾਂ ਵਿੱਚ ਰਹਿੰਦਿਆਂ ਹੋਇਆਂ ਅਸੀਂ ਪ੍ਰਤੱਖ ਤਰੀਕੇ ਵਰਤਨੇ ਹਨ, ਉਹ ਸਾਨੂੰ ਵਰਤਨੇ ਚਾਹੀਦੇ ਹਨ ਅਤੇ ਅਸੀਂ ਵਰਤਦੇ ਵੀ ਹਾਂ । ਦੁਨੀਆ ਨੂੰ ਜਾਣੂ ਵੀ ਕਰਾਉਂਦੇ ਹਾਂ ਕਿ ਕਿਸ ਪ੍ਰਕਾਰ ਜਮਾਤ ਉਪੱਰ ਜ਼ੁਲਮ ਹੋ ਰਹੇ ਹਨ । ਅਸੀਂ ਤਾਂ ਉਹਨਾਂ ਨੂੰ ਇਹ ਦੱਸਦੇ ਹਾਂ ਕਿ ਜੇਕਰ ਅੱਜ ਦੁਨੀਆ ਨੇ ਮਿਲਕੇ ਇਹਨਾਂ ਜ਼ੁਲਮਾਂ ਨੂੰ ਖ਼ਤਮ ਕਰਨ ਦਾ ਜਤਨ ਨ ਕੀਤਾ ਤਾਂ ਇਹ ਜ਼ੁਲਮ ਫੈਲਦੇ ਜਾਣਗੇ । ਜਮਾਤ ਦਾ ਪ੍ਰਸ਼ਨ ਨਹੀਂ ਹੈ ਸਗੋਂ ਕੋਈ ਵੀ ਮਨੁੱਖ ਸੁਰੱਖਿਅਤ ਨਹੀਂ ਰਹੇਗਾ ਅਤੇ ਇਹ ਹੁਣ ਫੈਲ ਰਹੇ ਹਨ । ਦੁਨੀਆ ਦੇਖ ਰਹੀ ਹੈ । ਪਰ ਇਹ ਸਭ ਕੁਝ ਦੱਸਦਿਆਂ ਹੋਇਆਂ ਵੀ ਸਾਡਾ ਆਸਰਾ ਕਿਸੇ ਹੁਕੂਮਤ ਉਪੱਰ ਨਹੀਂ ਹੈ ਜਾਂ ਕਿਸੇ ਮਨੁੱਖੀ ਹੱਕਾਂ ਦੀ ਤਨਜ਼ੀਮ ਉਪੱਰ, ਸਗੋਂ ਸਾਡੀ ਨਿਰਭਰਤਾ ਰੱਬ ਦੇ ਵਜੂਦ ਉਪੱਰ ਹੈ ।

ਇਸ ਲਈ ਸਾਡੀ ਸੋਚ ਅਤੇ ਦੁਨੀਅਦਾਰਾਂ ਦੀ ਸੋਚ ਵਿੱਚ ਬਹੁਤ ਅੰਤਰ ਹੈ । ਅਸੀਂ ਵਰਤਮਾਨ ਯੁੱਗ ਦੇ ਇਮਾਮ ਦੀ ਬੈਅਤ ਕੀਤੀ ਹੋਈ ਹੈ ਜਿਸ ਤੋਂ ਰੱਬ ਨੇ ਫ਼ਤਿਹ ਦੇ ਵਾਦੇ ਕੀਤੇ ਹਨ । ਜਿੱਤਾਂ ਦੇ ਨਵੇਂ ਤੋਂ ਨਵੇਂ ਦਰ ਖੁਲੱਣ ਦੇ ਵਾਦੇ ਹਨ ਅਤੇ ਜਿਵੇਂ ਕਿ ਮੈਂ ਕਿਹਾ ਇਹ ਦ੍ਰਿਸ਼ ਅਸੀਂ ਦੇਖ ਵੀ ਰਹੇ ਹਾਂ । ਪਰ ਦੂਜਿਆਂ ਤੋਂ ਇਸ ਪ੍ਰਕਾਰ ਦੇ ਕੋਈ ਵਾਦੇ ਨਹੀਂ । ਜਿੱਥੋਂ ਤੱਕ ਸ਼ੀਯਾ ਲੋਕਾਂ ਦੀ ਉਧਾਰਣ ਦਿੰਦੇ ਹਨ ਜਾਂ ਕਿਸੇ ਹੋਰ ਦੀ ਉਧਾਰਣ ਦਿੰਦੇ ਹਨ ਮੈਨੂੰ ਤਾਂ ਕਿਤੇ ਵੀ ਅਜਿਹਾ ਦਿਖਾਈ ਨਹੀਂ ਦਿੰਦਾ ਕਿ ਦੁਨੀਆਵੀ ਇਹਤਿਜਾਜ ਕਰਕੇ ਓਹਨਾਂ ਨੇ ਆਪਣੇ ਕੋਈ ਮੰਤਵ ਪ੍ਰਾਪਤ ਕਰ ਲਏ ਹੋਣ । ਹਾਂ, ਹਰ ਥਾਂ ਭੰਨ, ਤੋੜ, ਘਿਰਾਓ, ਸਾੜਨਾ ਆਦਿ ਜ਼ਰੂਰ ਹੋ ਰਿਹਾ ਹੈ ਅਤੇ ਇਸ ਦੇ ਸਬਬ ਵਧੇਰੇ ਫ਼ਸਾਦ ਫੈਲ ਰਿਹਾ ਹੈ ।

ਸਾਨੂੰ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਪਾਕਿਸਤਾਨ ਵਿੱਚ ਜਾਂ ਦੂਜੇ ਦੇਸ਼ਾਂ ਵਿੱਚ ਜੋ ਸ਼ਖਤੀਆਂ ਤੇ ਜ਼ੁਲਮ ਓਪਰਿਆਂ ਵੱਲੋਂ ਜਾਂ ਸਰਕਾਰ ਵੱਲੋਂ ਕਾਨੂਨ ਦੀ ਓਟ ਵਿੱਚ ਜਾਂ ਕਿਸੇ ਹੋਰ ਤਰ੍ਹਾਂ ਵੀ ਢਾਏ ਜਾ ਰਹੇ ਹਨ ਇਹ ਅੱਜ ਦੀ ਪੈਦਾਵਾਰ ਨਹੀਂ, ਇਹ ਕੋਈ ਦੋ ਤਿੰਨ ਦਹਾਈਆਂ ਦੀ ਗੱਲ ਨਹੀਂ, ਇਹ ਤਾਂ ਉਸ ਸਮੇਂ ਤੋਂ ਹੈ ਜੱਦ ਤੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਮਸੀਹ ਮਊਦ ਹੋਣ ਦਾ ਦਾਵਾ ਕੀਤਾ ਸੀ ਅਤੇ ਇਕ ਜਮਾਤ ਕਾਇਮ ਕੀਤੀ ਸੀ । ਆਪ ਨੂੰ ਅਤੇ ਜਮਾਤ ਨੂੰ ਅਰੰਭ ਤੋਂ ਹੀ ਇਹਨਾਂ ਜ਼ੁਲਮਾਂ ਤੇ ਅਤਿਆਚਾਰਾਂ ਵਿੱਚੋਂ ਲੰਘਣਾ ਪਿਆ ਸੀ । ਸਗੋਂ ਇਕ ਮੌਕਾ ਅਜਿਹਾ ਵੀ ਆਇਆ ਸੀ ਜੱਦ ਇਹ ਵਿਚਾਰ ਪੈਦਾ ਹੋਇਆ ਕਿ ਆਪ ਨੂੰ ਆਪਣੀ ਪੈਤ੍ਰਿਕ ਬਸਤੀ ਕਾਦੀਆਂ ਵਿੱਚੋਂ ਹਿਜਰਤ ਕਰਨੀ ਪਵੇਗੀ ਜਿਸਦੇ ਮਾਲਕ ਮੁਦੱਤਾਂ ਤੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਪਰਿਵਾਰ ਸਨ । ਆਪ ਉੱਥੇ ਵੀ ਸੁਰੱਖਿਅਤ ਨਹੀਂ ਸੀ । ਸਗੋਂ ਅਸੀਂ ਇਸ ਤੋਂ ਵੀ ਓਪੱਰ ਜਾਈਏ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦਾ ਸਾਰਾ ਸਮਾਂ ਹੀ ਦੁਸ਼ਮਣਾ ਵੱਲੋਂ ਜ਼ੁਲਮ ਤੇ ਜ਼ੁਲਮ ਦੇਖਦਿਆਂ ਹੋਇਆਂ ਲੰਘਿਆ ਹੈ ।

ਆਪ ਨੇ ਹਰ ਮਾਮਲੇ ਵਿੱਚ ਦੁਨੀਅਆ ਵਿੱਚ ਇਕ ਮਿਸਾਲ ਕਾਇਮ ਕਰਨੀ ਸੀ । ਆਪ ਜੀ ਦੇ ਸਹਾਬਾ ਨੇ ਵੀ ਕੁਰਬਾਨੀਆਂ ਦੇ ਨਮੂਨੇ ਦਿਖਾਏ ਹਨ । ਇਸ ਲਈ ਕਿ ਉਹਨਾਂ ਦੀ ਨਜ਼ਰ ਖ਼ੁਦਾ ਤਆਲਾ ਦੇ ਵਾਦਿਆਂ ਅਤੇ ਸਿੱਖਿਆ ਉਪੱਰ ਸੀ । ਕਿਉਂਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰਤੀਬਿੰਬ ਦੇ ਰੂਪ ਵਿੱਚ ਆਉਣਾ ਸੀ । ਇਸ ਲਈ ਆਪ ਨੇ ਵੀ ਆਪਣੇ ਮੰਨ੍ਹਣ ਵਾਲਿਆ ਨੂੰ ਇਹੋ ਕਿਹਾ ਕਿ ਮੇਰੇ ਨਾਲ ਅਤੇ ਮੇਰੀ ਜਮਾਤ ਨਾਲ ਇਹ ਜ਼ੁਲਮ ਤੇ ਵਧੀਕੀ ਹੋਣੀ ਹੈ ਕਸ਼ਟਾਂ ਦੇ ਦੌਰ ਆਉਂਣੇ ਹਨ । ਆਪ ਜੀ ਨੇ ਸਪਸ਼ਟ ਫ਼ਾਮਾਇਆ ਕਿ ਮੇਰਾ ਮਾਰਗ ਫ਼ੁੱਲਾਂ ਦੀ ਸੇਜ ਨਹੀਂ ਹੈ ਕੰਢਿਆਂ ਉਪੱਰ ਤੁਰਨਾ ਹੋਵੇਗਾ । ਆਪ ਨੇ ਕਿਸੇ ਨਾਲ ਕੋਈ ਧੋਖਾ ਨਹੀਂ ਕੀਤਾ । ਹਰ ਮਨੁੱਖ ਜੋ ਅਹਮਦੀਅਤ ਵਿੱਚ ਦਾਖ਼ਲ ਹੁੰਦਾ ਹੈ ਇਹ ਸਮਝ ਕੇ ਹੁੰਦਾ ਹੈ ਕਿ ਕਸ਼ਟ ਝਲੱਣੇ ਪੈਣਗੇ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਯੁੱਗ ਵਿੱਚ ਹਜ਼ਰਤ ਸਾਹਿਬਜ਼ਾਦਾ ਅਬਦੁਲ ਲਤੀਫ਼ ਸ਼ਹੀਦ ਕੋਲੋਂ ਜੱਦ ਬਾਦਸ਼ਾਹ ਨੇ ਵਾਰ ਵਾਰ ਹੱਠ ਕਰਕੇ ਕਿਹਾ ਕਿ ਜੇਕਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਨਕਾਰ ਕਰ ਦਿਓ , ਜਿਸ ਨੂੰ ਤੁਸੀ ਮੰਨ੍ਹਿਆ ਹੈ ਤਾਂ ਮੈਂ ਇਸ ਦੇ ਸਿੱਟੇ ਵਿੱਚ ਤੁਹਾਡੀ ਜਾਨ ਬਖ਼ਸ਼ ਦਿਆਂਗਾ । ਇਹ ਲੋਭ ਦਿੱਤਾ ਤਾਂ ਆਪ ਨੇ ਹਰ ਵਾਰ ਹੀ ਇਹੋ ਕਿਹਾ ਕਿ ਅੱਜ ਜੇਕਰ ਰੱਬ ਮੈਂਨੂੰ ਮੌਤ ਦੇ ਰਿਹਾ ਹੈ ਜੋ ਉਸ ਦੇ ਉਪਕਾਰਾਂ ਦਾ ਵਾਰਸ ਬਨਾਉਂਣ ਵਾਲੀ ਹੈ ਤਾਂ ਮੈਂ ਇਸ ਦੁਨੀਆ ਖ਼ਾਤਰ ਇਸ ਦਾ ਇਨਕਾਰ ਕਿਉਂ ਕਰ ਦਿਆਂ । ਅਜੀਬ ਮੂਰਖਾਂ ਵਾਲੀ ਗੱਲ ਤੁਸੀਂ ਮੈਂਥੋਂ ਕਰ ਰਹੇ ਹੋ ਜਾਂ ਮੈਂਥੋਂ ਸੌਦਾ ਕਰ ਰਹੇ ਹੋ । ਸੋ, ਇਹੋ ਮੋਮਨ ਦੀ ਸ਼ਾਨ ਹੈ ਜਿਸ ਬਾਰੇ ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿਚ ਫ਼ਰਮਾਇਆ ਹੈ :

(فما وھنوا لما اصابھم فی سبیل اللہ وما ضعفوا وما استکانوا واللہ یحب الصبرین۔)

ਸੋ, ਉਹ ਕਦੇ ਵੀ ਉਹਨਾਂ ਮੁਸੀਬਤਾਂ ਕਰਕੇ ਕਮਜ਼ੋਰ ਨਹੀਂ ਪਏ ਜੋ ਇਲਾਹੀ ਮਾਰਗ ਵਿੱਚ ਓਹਨਾਂ ਨੂੰ ਪਹੁੰਚੀ ਅਤੇ ਓਹਨਾਂ ਨੇ ਕੋਈ ਉਣਤਾਈ ਨਹੀਂ ਦਿਖਾਈ ਅਤੇ ਦੁਸ਼ਮਣ ਦੇ ਸਾਹਮਣੇ ਝੁਕੇ ਨਹੀਂ ਅਤੇ ਅਲੱਾਹ ਸਬਰ ਕਰਨ ਵਾਲਿਆਂ ਨਾਲ ਸਨੇਹ ਕਰਦਾ ਹੈ ।

ਅੱਜ ਵੀ ਸਾਡੇ ਵਿਰੋਧੀਆਂ ਨੂੰ ਇਹੋ ਕਸ਼ਟ ਹੈ ਕਿ ਇਹ ਕਿਉਂ ਉਣਤਾਈ ਨਹੀਂ ਦਿਖਾਉਂਦੇ । ਕਿਉਂ ਸਾਡੇ ਜ਼ੁਲਮਾਂ ਅੱਗੇ ਗੋਡੇ ਨਹੀਂ ਟੇਕਦੇ, ਪਰ ਉਹਨਾਂ ਨੂੰ ਨਹੀਂ ਪਤਾ ਕਿ ਇਕ ਹਕੀਕੀ ਅਹਮਦੀ ਹਰ ਸਮੇਂ ਖ਼ੁਦਾ ਉਪੱਰ ਨਜ਼ਰ ਰੱਖਦਾ ਹੈ ਅਤੇ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਹਰ ਸਮੇਂ ਜਤਨਸ਼ੀਲ ਰਹਿੰਦਾ ਹੈ । ਅਲੱਾਹ ਤਆਲਾ ਨੇ ਆਪਣੀ ਰਜ਼ਾ ਪ੍ਰਾਪਤ ਕਰਨ ਲਈ ਇੱਥੇ ਇਕ ਦੁਆ ਵੀ ਸਿਖਾਈ ਹੈ ਕਿ ਆਪਣੇ ਕਦਮਾਂ ਦੀ ਮਜ਼ਬੂਤੀ ਲਈ ਹਰ ਸਮੇਂ ਦੁਆ ਮੰਗਦੇ ਰਹੋ ਕਿਉਂਕਿ ਈਮਾਨ ਦੀ ਮਜ਼ਬੂਤੀ ਅਲੱਾਹ ਵੱਲੋਂ ਆਉਂਦੀ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਬਾਰੇ ਫ਼ਰਮਾਉਂਦੇ ਹਨ ਕਿ ਉਹ ਲੋਕ ਜਿੰਨ੍ਹਾਂ ਨੇ ਕਿਹਾ ਕਿ ਸਾਡਾ ਰੱਬ ਅਲੱਾਹ ਹੈ ਅਤੇ ਝੂਠੇ ਰੱਬਾਂ ਤੋਂ ਵੱਖਰੇ ਹੋ ਗਏ ਫਿਰ ਦ੍ਰਿੜਤਾ ਅਪਣਾਈ । ਅਰਥਾਤ ਵੱਖ ਵੱਖ ਪ੍ਰਕਾਰ ਦੀਆਂ ਪ੍ਰੀਖਿਆਵਾਂ ਵਿੱਚੋਂ ਅਤੇਂ ਔਕੁੜਾਂ ਸਮੇਂ ਆਪਣੇ ਪੈਰ੍ਹਾਂ'ਤੇ ਕਾਇਮ ਰਹੇ । ਉਹਨਾਂ'ਤੇ ਫ਼ਰਿਸ਼ਤੇ ਉਤਰਦੇ ਹਨ ਕਿ ਤੁਸੀਂ ਡਰੋ ਨ ਅਤੇ ਦੁਖੀ ਨ ਹੋਵੋ ਅਤੇ ਖ਼ੁਸ਼ ਹੋਵੋ ਤੇ ਖ਼ੁਸ਼ੀ ਨਾਲ ਭਰ ਜਾਓ ਕਿ ਤੁਸੀਂ ਉਸ ਖ਼ੁਸ਼ੀ ਦੇ ਵਾਰਸ ਹੋਵੋਗੇ ਜਿਸ ਦਾ ਤੁਹਾਨੂੰ ਵਾਦਾ ਦਿੱਤਾ ਗਿਆ ਹੈ । ਅਸੀਂ ਇਸ ਸੰਸਾਰਕ ਜੀਵਨ ਵਿੱਚ ਅਤੇ ਪਰਲੋਕ ਵਿੱਚ ਤੁਹਾਡੇ ਮਿਤੱਰ ਹਾਂ । ਇਸ ਥਾਂ ਇਹਨਾਂ ਕਥਨਾਂ ਰਾਹੀਂ ਇਹ ਸੰਕੇਤ ਕੀਤਾ ਕਿ ਦ੍ਰਿੜ੍ਹ ਸੰਕਲਪ ਨਾਲ ਰੱਬ ਦੀ ਰਜ਼ਾ ਪ੍ਰਾਪਤ ਹੁੰਦੀ ਹੈ । ਇਹ ਸੱਚੀ ਗੱਲ ਹੈ ਕਿ ਦ੍ਰਿੜ੍ਹ ਸੰਕਲਪ ਕਰਾਮਾਤ ਯੋਗ ਹੈ । ਕਾਮਲ ਦ੍ਰਿੜ੍ਹ ਸੰਕਲਪ ਇਹ ਹੈ ਕਿ ਚਾਰੇ ਪਾਸੇ ਬਲਾਵਾਂ ਨੂੰ ਘਿਰਿਆ ਹੋਇਆ ਦੇਖੇ ਅਤੇ ਰੱਬ ਦੇ ਮਾਰਗ ਲਈ ਜਾਨ, ਸਨਮਾਨ, ਇਜ਼ੱਤ ਆਬਰੂ ਨੂੰ ਖ਼ਤਰਿਆਂ ਵਿੱਚ ਘਿਰਿਆ ਹੋਇਆ ਵੇਖਣ ਅਤੇ ਕੋਈ ਤਸੱਲੀ ਦੇਣ ਵਾਲਾ ਨ ਹੋਵੇ । ਇੱਥੋਂ ਤੱਕ ਕਿ ਖ਼ੁਦਾ ਤਆਲਾ ਵੀ ਪ੍ਰੀਖਿਆ ਵੱਜੋਂ ਤਸੱਲੀ ਦੇਣ ਵਾਲੇ ਦਿਵਦ੍ਰਿਸ਼ ਜਾਂ ਸੁਪਨੇ ਜਾਂ ਇਲਹਾਮ ਬੰਦ ਕਰ ਦੇਵੇ ਅਤੇ ਭਿਆਨਕ ਖ਼ੌਫ਼ ਵਿੱਚ ਛੱਡ ਦੇਵੇ । ਉਸ ਸਮੇਂ ਨਾਮਰਦੀ ਨ ਦਿਖਾਉਂਣ ਅਤੇ ਬੁਜ਼ਦਿਲਾਂ ਵਾਂਗ ਪਿੱਛੇ ਨ ਹਟੱਣ ਅਤੇ ਵਫ਼ਾਦਾਰੀ ਦੇ ਗੁਣਾ ਵਿੱਚ ਰਤਾਂ ਵਿਗਾੜ ਪੈਦਾ ਨ ਕਰਨ । ਸਚੱਾਈ ਅਤੇ ਪੁਖ਼ਤਾ ਕਦਮਾਂ

ਵਿੱਚ ਕੋਈ ਵਿੰਗ ਨ ਪਾਉਂਣ । ਜ਼ਿਲੱਤ (ਰੁਸਵਾਈ) ਉਪੱਰ ਖ਼ੁਸ਼ ਹੋ ਜਾਣ, ਮੌਤ'ਤੇ ਰਾਜ਼ੀ ਹੋ ਜਾਣ ਅਤੇ ਸਾਬਤ ਕਦਮੀ ਲਈ ਕਿਸੇ ਸਜੱਣ ਮਿਤੱਰ ਦੀ ਉਡੀਕ ਨ ਕਰਨ ਕਿ ਉਹ ਆਣਕੇ ਸਹਾਰਾ ਦੇਵੇ ।

ਸੋ, ਇਹ ਅਵਸਥਾ ਹੈ ਜੋ ਸਾਡੇ ਵਿੱਚੋਂ ਹਰ ਇਕ ਨੂੰ ਪ੍ਰਾਪਤ ਕਰਨ ਦੇ ਜਤਨ ਕਰਨੇ ਚਾਹੀਦੇ ਹਨ ਅਤੇ ਇਹ ਰੱਬ ਦੀ ਅਪਾਰ ਕ੍ਰਿਪਾ ਤੋਂ ਬਿਨਾਂ ਨਹੀਂ ਹੋ ਸਕਦਾ । ਜੱਦ ਇਹ ਅਵਸਥਾ ਹੋਵੇ ਕਿ ਇਨਸਾਨ ਹਰ ਕੁਰਬਾਨੀ ਲਈ ਤਿਆਰ ਹੋ ਜਾਵੇ ਤਾਂ ਫਿਰ ਖ਼ੁਦਾ ਵੀ ਆਪਣੇ ਬੰਦੇ ਨੂੰ ਨਹੀਂ ਛੱਡਦਾ, ਉਹ ਅਗਾਂਹ ਵੱਧਕੇ ਆਪਣੇ ਬੰਦੇ ਨੂੰ ਥਾਮ ਲੈਂਦਾ ਹੈ ਤਾਂ ਹੀ ਤਾਂ ਸਵਰਗਾਂ ਦੇ ਵਾਦੇ ਵੀ ਦੇ ਰਿਹਾ ਹੈ ਅਤੇ ਇਸ ਵਿੱਚ ਟਿਕੇ ਰਹਿਣ ਦੀ ਦੁਆ ਵੀ ਸਿਖਾਈ ਅਤੇ ਦੁਸ਼ਮਣਾ ਉਪੱਰ ਜਿੱਤ ਪ੍ਰਾਪਤ ਕਰਨ ਦੀ ਵੀ ਦੁਆ ਸਿਖਾਈ ਹੈ । ਇਸ ਦਾ ਅਰਥ ਹੀ ਇਹ ਹੈ ਕਿ ਅਲੱਾਹ ਤਆਲਾ ਇਹਨਾਂ ਦੁਆਵਾਂ ਨੂੰ ਕੁਬੂਲ ਕਰਦਿਆਂ ਹੋਇਆਂ ਜਿੱਤਾਂ ਦੇ ਦਰ ਇਸ ਪ੍ਰਕਾਰ ਖੋਲੇ ਗਾ ਕਿ ਦੁਸ਼ਮਣ ਲਈ ਨਠੱਣ ਦਾ ਕੋਈ ਮਾਰਗ ਨਹੀਂ ਬਚੇਗਾ ਅਤੇ ਇੰਸ਼ਾਅਲੱਾਹ ਤਆਲਾ ਅੰਤਮ ਜਿੱਤ ਜੋ ਅਲੱਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਤੋਂ ਵਾਦੇ ਕੀਤੇ ਹਨ ਉਹ ਅਵਸ਼ ਹੀ ਪੂਰੇ ਹੋਣਗੇ ਅਤੇ ਅੰਤਮ ਜਿੱਤ ਸਾਡੀ ਹੀ ਹੋਵੇਗੀ ।

ਇਹਨਾਂ ਕੁਰਬਾਨੀਆਂ ਦੀਆਂ ਦਾਸਤਾਨਾਂ ਦਰਜ ਕਰਾਉਂਣ ਵਿੱਚ ਅਤੇ ਅਲੱਾਹ ਤਆਲਾ ਵੱਲੋਂ ਸਵਰਗ ਦੀ ਖ਼ੁਸ਼ਖ਼ਬਰੀ ਪਾਉਂਣ ਵਾਲਿਆਂ ਵਿੱਚ ਅੱਜ ਫਿਰ ਸਾਡੇ ਇਕ ਭਾਈ ਸ਼ਮਾਲ ਹੋਏ ਹਨ ਜੋ ਭੋਏਵਾਲ ਜ਼ਿਲਾ ਸ਼ੇਖ਼ੁਪੁਰ ਦੇ ਸ਼੍ਰੀਮਾਨ ਖ਼ਲੀਲ ਅਹਮਦ ਸਾਹਬ ਸਪੁਤੱਰ ਸ਼੍ਰੀਮਾਨ ਫ਼ਤਿਹ ਮੁਹਮੱਦ ਸਾਹਬ ਹਨ । ਜਿੰਨ੍ਹਾ ਨੂੰ 16 ਮਈ 2014ਈ. ਨੂੰ ਸ਼ਹੀਦ ਕਰ ਦਿੱਤਾ ਗਿਆ । (انالله وانا الیہراجعون۔) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਹ ਘਟਨਾ ਇਉਂ ਹੈ ਕਿ 13 ਮਈ 2014 ਈ. ਨੂੰ ਵਿਰੋਧੀਆਂ ਨੇ ਜਮਾਤ ਵਿਰਧੀ ਸਟਿਕੱਰ ਲਾਏ ਹੋਏ ਸਨ, ਪਿੰਡ ਵਿੱਚ ਉਹਨਾਂ ਨੂੰ ਲਾਹੁਣ ਕਰਕੇ ਅਹਮਦੀਆਂ ਨਾਲ ਝਗੜਾ ਹੋ ਗਿਆ, ਝਗੜਾ ਨਹੀਂ ਸਗੋਂ ਕੇਵਲ ਮਤਿਭੇਦ ਜਾਂ ਤੂ ਤਕਾਰ ਹੋ ਗਿਆ । ਇਸ ਮਾਮਲੇ ਨੂੰ ਮੁੱਢ ਬਣਾ ਕੇ ਉਹਨਾ ਨੇ ਜਮਾਤ ਦੇ ਵਿਰੁਧ ਭੋਏਵਾਲ ਜ਼ਿਲਾ ਸ਼ਖ਼ੁਪੁਰੇ ਵਿੱਚ ਜਲੂਸ ਕੱਢਿਆ । ਲਾਊਡ ਸਪੀਕਰ ਉਪੱਰ ਜਮਾਤ ਦੇ ਵਿਰੁਧ ਭੜਕਾਊ ਭਾਸ਼ਣ ਦਿੱਤੇ ਅਤੇ ਟ੍ਰੈਫਿਕ ਬਲਾਕ ਕਰਕੇ ਪੁਲਿਸ ਤੋਂ ਮੰਗ ਕੀਤੀ ਕਿ ਮੁਕਦੱਮਾ ਦਰਜ ਕੀਤਾ ਜਾਵੇ । ਜਿਸ ਦੇ ਸਬਬ ਪੁਲਿਸ ਨੇ ਚਾਰ ਅਹਮਦੀ ਲੋਕਾਂ ਖ਼ਿਲਾਫ਼, ਜਿੰਨ੍ਹਾ ਵਿੱਚ ਮੁਬਸ਼ੱਰ ਅਹਮਦ ਸਾਹਬ, ਗ਼ੁਲਾਮ ਅਹਮਦ ਸਾਹਬ, ਖ਼ਲੀਲ ਅਹਮਦ ਸਾਹਬ ਅਤੇ ਇਹਸਾਨ ਅਹਮਦ ਸਾਹਬ ਸਨ । ਇਹਨਾਂ ਦੇ ਖ਼ਿਲਾਫ਼ ਮੁਕਦੱਮਾ ਦਰਜ ਕਰ ਲਿਆ ਅਤੇ ਐਫ਼ ਆਈ ਆਰ ਵਿੱਚ ਨਾਮਜ਼ਦ ਮੁਲਜ਼ਿਮਾਂ ਵਿੱਚੋਂ ਖ਼ਲੀਲ ਅਹਮਦ ਸਾਹਬ ਅਤੇ ਹੋਰਨਾਂ ਮੁਲਜ਼ਿਮਾਂ ਦੇ ਰਿਸ਼ਤੇਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ । ਹਵਾਲਾਤ ਵਿੱਚ ਬੰਦ ਕਰ ਦਿੱਤਾ । ਮੁਕਦੱਮੇ ਦੇ ਅੰਦਰਾਜ ਮਗਰੋਂ ਐਫ਼ ਆਈ ਆਰ ਵਿੱਚ ਬਾਕੀ ਨਾਮਜ਼ਦ ਹੋਰਨਾ ਮੁਲਜ਼ਿਮਾ ਦੀ ਜ਼ਮਾਨਤ ਕਰਵਾ ਲਈ ਗਈ ਸੀ ਅਤੇ ਖ਼ਲੀਲ ਅਹਮਦ ਸਾਹਬ ਦੀ ਜ਼ਮਾਨਤ ਦੀ ਕਾਰਵਾਈ ਹੋ ਰਹੀ ਸੀ ਕਿ 16 ਮਈ 2014 ਈ. ਨੂੰ ਜੁੰਮੇ ਵਾਲੇ ਦਿਨ ਸਵਾ ਬਾਰ੍ਹਾਂ ਵਜੇ ਦੁਪਹਿਰ ਇਕ ਨੌਜੁਆਨ ਸਲੀਮ ਨਾਮੀ ਆਇਆ ਜੋ ਨੇੜਲੇ ਪਿੰਡ ਦਾ ਰਹਿਣ ਵਾਲਾ ਸੀ ਕਿ ਮੈਂ ਖਾਣਾ ਦੇਣ ਆਇਆ ਹਾਂ । ਇਸ ਬਹਾਨੇ ਨਾਲ ਅੰਦਰ ਦਾਖ਼ਲ ਹੋਕੇ ਹਵਾਲਾਤ ਕੋਲ ਆਣ ਕੇ ਪੁੱਛਿਆ ਕਿ ਖ਼ਲੀਲ ਸਾਹਬ ਕੌਣ ਹਨ ? ਪਤਾ ਲੱਗਦਿਆਂ ਹੀ ਪਿਸਤੌਲ ਕੱਢ ਕੇ ਖ਼ਲੀਲ ਸਾਹਬ ਦੇ ਮੂੰਹ ਉਪੱਰ ਫ਼ਾਇਰ ਕਰ ਦਿੱਤਾ ਜਿਸ ਨਾਲ ਉਹ ਸ਼ਦੀਦ ਜ਼ਖ਼ਮੀ ਹੋ ਗਏ ਅਤੇ ਕਾਤਲ ਨੇ ਦੂਜੇ ਅਹਮਦੀ ਅਸੀਰਾਨ (ਰੱਬ ਖ਼ਾਤਰ ਜੇਲ ਵਿੱਚ ਜਾਣ ਵਾਲੇ) ਉਪੱਰ ਫ਼ਾਇਰ ਕਰਨ ਦੇ ਜਤਨ ਕੀਤੇ ਪਰ ਉਸ ਸਮੇਂ ਉਸ ਦਾ ਪਿਸਤੌਲ ਚਲਿਆ ਨਹੀਂ ਗੋਲੀ ਫੱਸ ਗਈ । ਪੁਲਿਸ ਨੇ ਮੁਜਰਮ ਨੂੰ ਗ੍ਰਿਫ਼ਤਾਰ ਕਰ ਲਿਆ । ਖ਼ਲੀਲ ਸਾਹਬ ਨੂੰ ਹਵਾਲਾਤ ਵਿੱਚੋਂ ਬਾਹਰ ਕੱਢਿਆ ਗਿਆ ਪਰ ਉਸ ਸਮੇਂ ਤੱਕ ਸ਼ਹਾਦਤ ਦਾ ਜਾਮ ਪੀ ਚੁੱਕੇ ਸਨ । (اناللهوانااليہراجعون۔) ਇਨੱਾ ਲਿਲੱਾਹਿ ਵ ਇੱਨਾ ਇਲੈਹਿ ਰਾਜਿਊਨ ।